# PC–1271/ML

**U–34/2051**

ਪੰਜਾਬੀ (ਮੁਢਲਾ ਗਿਆਨ)

(Semester–II)

Time : Three Hours] [Maximum Marks : 75

## ਭਾਗ-ੳ

I. (ੳ) ਦੋ ਅੱਖਰੀ ਪੰਜ ਸ਼ਬਦ ਲਿਖੋ।

*ਜਾਂ*

ਦੁਲਾਵਾਂ ਮਾਤਰਾ ਵਾਲੇ ਪੰਜ ਸ਼ਬਦ ਲਿਖੋ।

(ਅ) ਤਿੰਨ ਅੱਖਰੀ ਪੰਜ ਸ਼ਬਦ ਲਿਖੋ।

*ਜਾਂ*

ਸਿਹਾਰੀ ਮਾਤਰਾ ਵਾਲੇ ਪੰਜ ਸ਼ਬਦ ਲਿਖੋ।

(ੲ) ਬਹੁ-ਅੱਖਰੀ ਪੰਜ ਸ਼ਬਦ ਲਿਖੋ।

*ਜਾਂ*

ਟਿੱਪੀ ਵਾਲੇ ਪੰਜ ਸ਼ਬਦ ਲਿਖੋ। 5×3=15

II. (ੳ) ਪੜਨਾਂਵ ਦੀ ਪਰਿਭਾਸ਼ਾ ਦੇ ਕੇ ਪੰਜ ਪੜਨਾਂਵ ਸ਼ਬਦ ਲਿਖੋ।

*ਜਾਂ*

ਵਿਸ਼ੇਸ਼ਣ ਤੋਂ ਕੀ ਭਾਵ ਹੈ? ਪੰਜ ਵਿਸ਼ੇਸ਼ਣ ਸ਼ਬਦ ਲਿਖੋ।

(ਅ) ਪੰਜ ਪੁਲਿੰਗ ਇਕਵਚਨ ਨਾਂਵ ਲਿਖੋ।

*ਜਾਂ*

ਪੰਜ ਇਸਤਰੀ ਲਿੰਗ ਇਕਵਚਨ ਨਾਂਵ ਲਿਖੋ।

5×2=10

**ਭਾਗ–ਅ**

III. (ੳ) 'ਨਿਰ' ਅਗੇਤਰ ਲਗਾ ਕੇ ਪੰਜ ਸ਼ਬਦ ਲਿਖੋ।

*ਜਾਂ*

ਪੰਜ ਸਮਾਸੀ ਸ਼ਬਦ ਲਿਖੋ।

(ਅ) ਪੰਜ ਸਧਾਰਨ ਵਾਕ ਲਿਖੋ।

*ਜਾਂ*

ਪੰਜ ਪ੍ਰਸ਼ਨਵਾਚਕ ਵਾਕ ਲਿਖੋ। 5×2=10

IV. ਵਿਸ਼ਰਾਮ ਚਿੰਨ੍ਹ ਕਿਹੜੇ-ਕਿਹੜੇ ਹੁੰਦੇ ਹਨ?

*ਜਾਂ*

ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਨੂੰ ਸਮਝਾਇਆ ਤੁਸੀਂ ਮਿਹਨਤ ਕਰਕੇ ਸਫਲਤਾ ਪ੍ਰਾਪਤ ਕਰ ਸਕਦੇ ਹੋ - ਇਸ ਵਾਕ ਵਿਚ ਵਿਸ਼ਰਾਮ ਚਿੰਨ੍ਹ ਲਗਾਓ। 10

## ਭਾਗ-ੲ

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਪੰਜਾਬੀ ਭਾਸ਼ਾ ਦੀ ਲਿੱਪੀ ਦਾ ਕੀ ਨਾਂ ਹੈ?
2. ਪੰਜਾਬੀ ਭਾਸ਼ਾ ਵਿਚ ਕਿੰਨੀਆਂ ਸਵਰ ਧੁਨੀਆਂ ਹਨ?
3. ਪੰਜਾਬੀ ਲਈ ਵਰਤੀ ਜਾਂਦੀ ਲਿੱਪੀ ਦੇ ਕਿੰਨੇ ਅੱਖਰ ਹਨ?
4. ਸ਼ਬਦ ਦੇ ਸ਼ੁਰੂ ਵਿਚ 'ਅ' ਅੱਖਰ ਵਾਲੇ ਚਾਰ ਸ਼ਬਦ ਲਿਖੋ।
5. ਹੋੜਾ ਮਾਤਰਾ ਵਾਲੇ ਚਾਰ ਸ਼ਬਦ ਲਿਖੋ।
6. ਔਂਕੜ ਮਾਤਰਾ ਵਾਲੇ ਚਾਰ ਸ਼ਬਦ ਲਿਖੋ।
7. ਅੱਧਕ ਦੀ ਵਰਤੋਂ ਵਾਲੇ ਚਾਰ ਸ਼ਬਦ ਲਿਖੋ।
8. ਟਿੱਪੀ ਦੀ ਵਰਤੋਂ ਵਾਲੇ ਚਾਰ ਸ਼ਬਦ ਲਿਖੋ।

9. ਪੈਰ ਬਿੰਦੀ ਵਾਲੇ ਕਿਹੜੇ-ਕਿਹੜੇ ਅੱਖਰ ਹਨ?

10. ਸ਼ਬਦ ਦੇ ਸ਼ੁਰੂ ਵਿਚ 'ਐ' ਸਵਰ ਵਾਲੇ ਚਾਰ ਸ਼ਬਦ ਲਿਖੋ।

11. ਚਾਰ ਪੁਲਿੰਗ ਬਹੁਵਚਨ ਨਾਂਵ ਲਿਖੋ।

12. ਚਾਰ ਇਸਤਰੀ ਲਿੰਗ ਬਹੁਵਚਨ ਨਾਂਵ ਲਿਖੋ।

13. ਚਾਰ ਕਿਰਿਆ ਵਿਸ਼ੇਸ਼ਣ ਸ਼ਬਦ ਲਿਖੋ।

14. ਭਵਿੱਖਤ ਕਾਲ ਨਾਲ ਸਬੰਧਤ ਚਾਰ ਕਿਰਿਆ ਸਬਦ ਲਿਖੋ।

15. ਚਾਰ ਸਮਾਸੀ ਸ਼ਬਦ ਲਿਖੋ। $15\times2=30$

---